
# ਸਕੂਲ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਮਾਤਾ-ਪਿਤਾ, ਗਾਈਡਾਂ, ਅਤੇ ਦੇਖਭਾਲ ਕਰਤਾਵਾਂ ਲਈ ਇੱਕ ਗਾਈਡ

ਜਨਤਕ ਨਿਰਦੇਸ਼ ਦੇ ਸੁਪਰਡੈਂਟ ਦਾ ਦਫ਼ਤਰ (Office of Superintendent of Public Instruction, OSPI)

http://www.k12.wa.us/







ਜੇ ਤੁਹਾਡਾ ਪਰਿਵਾਰ, ਘਰ ਦੀ ਹਾਨੀ ਕਾਰਨ ਅਸਥਾਈ ਜਾਂ ਨਾਕਾਫੀ ਨਿਵਾਸ ਦੀ ਸਥਿਤੀ ਵਿੱਚ ਹੈ, ਤਾਂ ਤੁਹਾਡਾ ਬੱਚਾ ਕੁਝ ਵਿੱਦਿਅਕ ਅਧਿਕਾਰਾਂ ਅਤੇ ਸੇਵਾਵਾਂ ਦੇ ਯੋਗ ਹੋ ਸਕਦਾ ਹੈ।

"ਵਿਦਿਆਰਥੀ" | NCHE

## ਸਥਾਨਕ ਸੰਪਰਕ

Paula Bates, Program Manager
Pullman School District
240 SE Dexter
Pullman, WA 99163
509-332-3144

## ਬੇਘਰਿਆਂ ਦੀ ਸਿੱਖਿਆ ਲਈ ਰਾਜਕੀਯ ਕੋਆਰਡੀਨੇਟਰ (STATE COORDINATOR FOR HOMELESS EDUCATION)

ਬੇਘਰਿਆਂ ਦੀ ਸਿੱਖਿਆ ਲਈ ਰਾਸ਼ਟਰੀ ਕੇਂਦਰ

http://nche.ed.gov
800-308-2145
homeless@serve.org

National Center for Homeless Education at SERVE

# ਮੈਕਿਨੇ-ਵੈਂਟੋ ਸੇਵਾਵਾਂ ਲਈ ਯੋਗਤਾ

## ਜੇ ਤੁਹਾਡਾ ਪਰਿਵਾਰ ਰਹਿੰਦਾ ਹੈ:

- ਇੱਕ ਆਸਰੇ ਵਿੱਚ
- ਇੱਕ ਵਿਕਲਪਿਕ ਉਚਿਤ ਰਿਹਾਇਸ਼ ਦੀ ਕਮੀ ਕਾਰਨ ਇੱਕ ਮੋਟਲ ਵਿੱਚ ਜਾਂ ਸ਼ਿਵਿਰ-ਸਥਾਨ 'ਤੇ
- ਇੱਕ ਕਾਰ, ਪਾਰਕ, ਛੱਡੀ ਹੋਈ ਇਮਾਰਤ ਜਾਂ ਬੱਸ ਜਾਂ ਟ੍ਰੇਨ ਸਟੇਸ਼ਨ 'ਤੇ
- ਘਰ ਦੇ ਨੁਕਸਾਨ ਜਾਂ ਆਰਥਿਕ ਮੁਸ਼ਕਿਲ ਕਾਰਨ ਹੋਰ ਲੋਕਾਂ ਨਾਲ ਰਿਹਾਇਸ਼ ਸਾਂਝੀ ਕਰਨਾ

ਤੁਹਾਡਾ ਬੱਚਾ ਮੈਕਿਨੇ ਵੈਂਟੋ ਐਕਟ ਨਾਮਕ ਫੈਡਰਲ ਕਾਨੂੰਨ ਜ਼ਰੀਏ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ।

## ਤੁਹਾਡੇ ਮੈਕਿਨੇ-ਵੈਂਟੋ ਯੋਗ ਬੱਚਿਆਂ ਨੂੰ ਅਧਿਕਾਰ ਹੋਵੇਗਾ:

- ਮੁਫ਼ਤ, ਉਚਿਤ ਸਰਵਜਨਿਕ ਸਿੱਖਿਆ ਪ੍ਰਾਪਤ ਕਰਨ ਦਾ।
- ਤੁਰੰਤ ਸਕੂਲ ਵਿੱਚ ਦਾਖਿਲਾ ਲੈਣ ਦਾ, ਚਾਹੇ ਜੇ ਦਾਖਿਲੇ ਲਈ ਆਮ ਤੌਰ ਤੇ ਜ਼ਰੂਰੀ ਦਸਤਾਵੇਜ਼ਾਂ ਦੀ ਘਾਟ ਹੋਵੇ।
- ਸਕੂਲ ਦੁਆਰਾ ਜ਼ਰੂਰੀ ਦਸਤਾਵੇਜ਼ ਇਕੱਠੇ ਕਰਨ ਦੌਰਾਨ ਸਕੂਲ ਵਿੱਚ ਦਾਖਿਲਾ ਲੈਣ ਅਤੇ ਕਲਾਸਾਂ ਵਿੱਚ ਸ਼ਾਮਿਲ ਹੋਣ ਦਾ।
- ਸਥਾਨਕ ਸਕੂਲ ਵਿੱਚ ਦਾਖਿਲਾ ਲੈਣ, ਜਾਂ ਮੂਲ ਸਥਾਨ ਦੇ ਸਕੂਲ ਵਿਚ ਪੜ੍ਹਾਈ ਜਾਰੀ ਰੱਖਣ ਦਾ (ਉਹ ਸਕੂਲ ਜਿੱਥੇ ਉਹ ਆਪਣੇ ਸਥਾਈ ਘਰ ਹੋਣ ਸਮੇਂ ਜਾਂਦੇ ਹਨ ਜਾਂ ਉਹ ਸਕੂਲ ਜਿੱਥੇ ਉਹ ਪਹਿਲਾਂ ਦਾਖਿਲ ਸਨ), ਜੇ ਤੁਹਾਡੀ ਉਹੀ ਤਰਜ਼ੀਹ ਹੈ। *ਜੇ ਸਕੂਲ ਡਿਸਟ੍ਰਿਕਟ ਮੰਨਦਾ ਹੈ ਕਿ ਤੁਹਾਡੇ ਦੁਆਰਾ ਚੁਣਿਆ ਸਕੂਲ ਤੁਹਾਡੇ ਬੱਚਿਆਂ ਦੇ ਬਿਹਤਰੀਨ ਹਿੱਤ ਵਿੱਚ ਨਹੀਂ ਹੈ, ਤਾਂ ਡਿਸਟ੍ਰਿਕਟ ਤੁਹਾਨੂੰ ਇਸਦੀ ਸਥਿਤੀ ਬਾਰੇ ਲਿਖਤੀ ਸਪੱਸ਼ਟੀਕਰਨ ਦੇਵੇਗਾ ਅਤੇ ਤੁਹਾਨੂੰ ਇਸਦੇ ਨਿਰਣੇ ਲਈ ਅਪੀਲ ਕਰਨ ਦੇ ਅਧਿਕਾਰ ਬਾਰੇ ਸੂਚਿਤ ਕਰੇਗਾ
- ਮੂਲ ਸਥਾਨ ਦੇ ਸਕੂਲ ਤੋਂ ਆਉਣ-ਜਾਣ ਲਈ ਯਾਤਾਯਾਤ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ, ਜੇ ਤੁਸੀਂ ਇਸ ਲਈ ਬੇਨਤੀ ਕੀਤੀ ਹੈ।
- ਹੋਰ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਤੁਲਨਾ ਵਿਚ ਆਪਣੇ ਬੱਚਿਆਂ ਦੀਆਂ ਲੋੜਾਂ ਦੇ ਅਨੁਸਾਰ ਵਿੱਦਿਅਕ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ।



# ਆਮ ਤੌਰ 'ਤੇ ਪੁੱਛੇ ਜਾਣ ਵਾਲੇ ਪ੍ਰਸ਼ਨ

## ਜਦੋਂ ਮੈਂ ਜਗ੍ਹਾ ਬਦਲਦਾ/ਦੀ ਹਾਂ, ਤਾਂ ਕੀ ਮੈਨੂੰ ਆਪਣੇ ਬੱਚੇ ਨੂੰ ਉਸੇ ਸਕੂਲ ਵਿੱਚ ਰੱਖਣਾ ਚਾਹੀਦਾ ਹੈ ਜਾਂ ਸਥਾਨਕ ਸਕੂਲ ਵਿੱਚ ਟ੍ਰਾਂਸਫ਼ਰ ਕਰਨਾ ਚਾਹੀਦਾ ਹੈ?

ਇੱਕ ਸਕੂਲ ਤੋਂ ਦੂਜੇ ਸਕੂਲ ਵਿੱਚ ਭੇਜਣਾ ਬੱਚਿਆਂ ਲਈ ਪਰੇਸ਼ਾਨੀਜਨਕ ਹੋ ਸਕਦਾ ਹੈ। ਉਹਨਾਂ ਨੂੰ ਦੋਸਤ ਅਤੇ ਅਧਿਆਪਕ ਛੱਡਣੇ ਪੈਣਗੇ ਜਿਹਨਾਂ ਨੂੰ ਉਹ ਜਾਣਦੇ ਹਨ, ਅਤੇ ਨਵੇਂ ਦੋਸਤਾਂ, ਅਧਿਆਪਕਾਂ ਅਤੇ ਜਮਾਤਾਂ ਦੀ ਆਦਤ ਪਾਉਣੀ ਪਵੇਗੀ। ਇਸ ਕਾਰਨ, ਤੁਹਾਡੇ ਬੱਚੇ ਲਈ ਆਪਣੇ ਉਸੇ ਸਕੂਲ (ਮੂਲ ਸਥਾਨ ਦੇ ਸਕੂਲ) ਵਿੱਚ ਬਣੇ ਰਹਿਣਾ ਆਮ ਤੌਰ 'ਤੇ ਬਿਹਤਰੀਨ ਹੁੰਦਾ ਹੈ, ਚਾਹੇ ਤੁਸੀਂ ਕਿਸੇ ਹੋਰ ਖੇਤਰ ਵਿੱਚ ਚਲੇ ਜਾਂਦੇ ਹੋ।

ਇੱਥੇ ਇਹ ਨਿਰਣਾ ਲੈਣ ਸਮੇਂ ਸੋਚਣ ਬਾਰੇ ਕੁਝ ਸਵਾਲ ਹਨ ਕਿ ਤੁਹਾਡੇ ਬੱਚੇ ਨੂੰ ਉਸ ਸਕੂਲ ਵਿੱਚ ਰਹਿਣਾ ਚਾਹੀਦਾ ਹੈ ਜਾਂ ਨਵੇਂ ਸਕੂਲ ਵਿੱਚ ਜਾਣਾ ਚਾਹੀਦਾ ਹੈ ਜਿੱਥੇ ਤੁਸੀਂ ਰਹਿ ਰਹੇ ਹੋ:

- ਤੁਹਾਡੇ ਬੱਚੇ ਦੀ ਕਿੰਨੀ ਉਮਰ ਹੈ?
- ਤੁਹਾਡਾ ਵਰਤਮਾਨ ਨਿਵਾਸ ਪ੍ਰਬੰਧ ਕਿੰਨਾ ਸਥਾਈ ਹੈ? ਕੀ ਤੁਸੀਂ ਮੂਲ ਸਥਾਨ ਦੇ ਸਕੂਲ ਦੇ ਨਜ਼ਦੀਕ ਵਾਪਿਸ ਜਾਣ ਦੀ ਯੋਜਨਾ ਰੱਖਦੇ ਹੋ ਜਾਂ ਕੀ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਮੌਜੂਦਾ ਨਿਵਾਸ ਪ੍ਰਬੰਧ ਦੇ ਨੇੜੇ ਰਹੋਗੇ?
- ਕੀ ਤੁਹਾਡਾ ਬੱਚਾ ਆਪਣੇ ਮੂਲ ਸਥਾਨ ਦੇ ਸਕੂਲ ਨਾਲ ਜੁੜਿਆ ਹੈ? ਇੱਕ ਵੱਡਾ ਬੱਚਾ ਜੋ ਆਪਣੇ ਮੂਲ ਸਥਾਨ ਦੇ ਨਾਲ ਖੁਦ ਨੂੰ ਬਹੁਤ ਜੁੜਿਆ ਮਹਿਸੂਸ ਕਰਦਾ ਹੈ ਅਤੇ/ਜਾਂ ਗ੍ਰੈਜੂਏਟ ਹੋਣ ਦੇ ਕਰੀਬ ਹੈ, ਤਾਂ ਸਕੂਲ ਬਦਲਣਾ ਉਸ ਲਈ ਮੁਸ਼ਕਿਲ ਭਰਿਆ ਸਮਾਂ ਹੋ ਸਕਦਾ ਹੈ।
- ਤੁਹਾਡਾ ਬੱਚਾ ਇਸ ਗੱਲ ਪ੍ਰਤੀ ਕਿੰਨਾ ਚਿੰਤਿਤ ਹੈ ਕਿ ਤੁਹਾਨੂੰ ਸਥਾਨ ਛੱਡਣਾ ਪਿਆ ਹੈ? ਕੀ ਸਕੂਲ ਬਦਲਣਾ ਦਬਾਅਪੂਰਨ ਹੋਵੇਗਾ?
- ਕੀ ਸਕੂਲ ਬਦਲਣ ਕਾਰਨ ਤੁਹਾਡਾ ਬੱਚਾ ਸਕੂਲ ਵਿੱਚ ਪਿੱਛੇ ਰਹਿ ਜਾਵੇਗਾ ਅਤੇ ਮਾੜੇ ਗ੍ਰੇਡ ਲਵੇਗਾ?
- ਕੀ ਸਕੂਲ ਬਦਲਣ ਵਾਸਤੇ ਤੁਹਾਡੇ ਬੱਚੇ ਲਈ ਸਾਲ ਦਾ ਇਹ ਚੰਗਾ ਸਮਾਂ ਹੈ, ਜਿਵੇਂ ਕਿ ਸਮੈਸਟਰ ਦਾ ਅੰਤ ਜਾਂ ਸਕੂਲੀ ਸਾਲ ਦੀ ਸਮਾਪਤੀ, ਟੈਸਟਾਂ ਤੋਂ ਬਾਅਦ ਜਾਂ ਉਸ ਈਵੇਂਟ ਤੋਂ ਬਾਅਦ ਜੋ ਤੁਹਾਡੇ ਬੱਚੇ ਲਈ ਮਹੱਤਵਪੂਰਨ ਹੈ?
- ਤੁਹਾਡੇ ਮੂਲ ਸਥਾਨ ਦੇ ਸਕੂਲ ਵਿੱਚ ਆਉਣ-ਜਾਣ ਤੇ ਤੁਹਾਡੇ ਬੱਚੇ ਦਾ ਕਿੰਨਾ ਸਮਾਂ ਲੱਗੇਗਾ? ਇੱਕ ਲੰਬੀ ਯਾਤਰਾ ਤੁਹਾਡੇ ਬੱਚੇ ਦੇ ਸਕੂਲ ਦੇ ਕੰਮ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ।
- ਕੀ ਇਹ ਚੁਣਨ ਵਿੱਚ ਸੁਰੱਖਿਆ ਸਬੰਧੀ ਮੁੱਦੇ ਸ਼ਾਮਲ ਹਨ ਕਿ ਤੁਹਾਡੇ ਬੱਚੇ ਨੂੰ ਕਿਹੜੇ ਸਕੂਲ ਜਾਣਾ ਚਾਹੀਦਾ ਹੈ?

## ਕੀ ਹੋਵੇਗਾ ਜੇ ਸਕੂਲ ਅਤੇ ਮੈਂ ਇਸ 'ਤੇ ਅਸਹਿਮਤ ਹਾਂ ਕਿ ਮੇਰੇ ਬੱਚੇ ਨੂੰ ਸਕੂਲ ਕਿੱਥੇ ਜਾਣਾ ਚਾਹੀਦਾ ਹੈ?

ਜੇ ਤੁਸੀਂ ਅਤੇ ਤੁਹਾਡਾ ਸਕੂਲ ਅਸਹਿਮਤ ਹੋ, ਤਾਂ ਸਕੂਲ ਡਿਸਟ੍ਰਿਕਟ ਤੁਹਾਨੂੰ ਲਿਖਤ ਵਿੱਚ ਦੱਸੇਗਾ ਕਿ ਅਜਿਹਾ ਕਿਉਂ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਤੁਹਾਡੀ ਇੱਛਾ ਤੋਂ ਵੱਖਰੇ ਸਕੂਲ ਵਿੱਚ ਜਾਣਾ ਚਾਹੀਦਾ ਹੈ। ਡਿਸਟ੍ਰਿਕਟ ਤੁਹਾਨੂੰ ਲਿਖਤ ਵਿੱਚ ਇਹ ਵੀ ਦੱਸੇਗਾ ਕਿ ਤੁਸੀਂ ਇਸ ਨਿਰਣੇ 'ਤੇ ਕਿਵੇਂ ਅਪੀਲ ਕਰ ਸਕਦੇ ਹੋ। ਅਸਹਿਮਤੀ ਦੇ ਨਿਪਟਾਰੇ ਤੱਕ ਤੁਹਾਡਾ ਬੱਚਾ/ਬੱਚੀ ਉਸ ਸਕੂਲ ਵਿੱਚ ਦਾਖਿਲਾ ਲੈ ਸਕਦਾ/ਦੀ ਹੈ, ਹਾਜ਼ਰ ਹੋ ਸਕਦਾ/ਦੀ ਹੈ ਅਤੇ ਸਕੂਲ ਵਿੱਚ ਪੂਰੀ ਤਰ੍ਹਾਂ ਭਾਗ ਲੈ ਸਕਦਾ/ਦੀ ਹੈ ਜੋ ਤੁਹਾਨੂੰ ਉਸ ਲਈ ਬਿਹਤਰੀਨ ਲੱਗਦਾ ਹੈ।

## ਆਪਣੇ ਬੱਚੇ ਦੀ ਸਿੱਖਿਆ ਵਿੱਚ ਮਦਦ ਕਰਨ ਲਈ ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਦੀ ਹਾਂ?

- ਹਰੇਕ ਸਕੂਲ ਡਿਸਟ੍ਰਿਕਟ ਦੇ **ਬੇਘਰਿਆਂ ਦੀ ਵਿੱਦਿਆ ਦੇ ਸਥਾਨਕ ਸੰਪਰਕ ਹਨ**। ਇਹ ਵਿਅਕਤੀ ਇਹ ਨਿਰਧਾਰਿਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਤੁਹਾਡੇ ਬੱਚੇ ਲਈ ਕਿਹੜਾ ਸਕੂਲ ਬਿਹਤਰੀਨ ਹੋਵੇਗਾ ਅਤੇ ਉਹ ਸਕੂਲ ਨਾਲ ਗੱਲਬਾਤ ਕਰ ਸਕਦਾ ਹੈ। ਸਥਾਨਕ ਸੰਪਰਕ ਤੁਹਾਡੇ ਬੱਚੇ ਦੀ ਸਕੂਲ ਪੂਰਤੀਆਂ, ਪੂਰਕ ਸੇਵਾਵਾਂ, ਅਤੇ ਮੁਫ਼ਤ ਸਕੂਲੀ ਭੋਜਨ ਲੈਣ ਵਿੱਚ; ਮੂਲ ਸਥਾਨ ਦੇ ਸਕੂਲ ਤੋਂ ਆਉਣ ਜਾਣ ਲਈ ਯਾਤਾਯਾਤ ਨਿਰਧਾਰਿਤ ਕਰਨ ਵਿੱਚ ਮਦਦ ਕਰ ਸਕਦਾ ਹੈ; ਅਤੇ ਭਾਈਚਾਰਕ ਸਹਾਇਤਾਵਾਂ ਖੋਜਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।
- ਜਦੋਂ ਤੁਸੀਂ ਆਪਣੇ ਬੱਚੇ ਨੂੰ ਨਵੇਂ ਸਕੂਲ ਵਿੱਚ ਦਾਖਿਲ ਕਰਦੇ ਹੋ, ਤਾਂ ਤੁਹਾਨੂੰ ਉਸਦੇ ਅਧਿਆਪਕ(ਕਾਂ) ਨਾਲ ਮਿਲਣ ਲਈ ਪੁੱਛਣਾ ਚਾਹੀਦਾ ਹੈ। ਤੁਹਾਨੂੰ ਆਪਣੇ ਬੱਚੇ/ਬੱਚੀ ਦੇ ਹਰ **ਅਧਿਆਪਕ(ਕਾਂ)** ਨਾਲ ਗੱਲ ਕਰਨੀ ਚਾਹੀਦੀ ਹੈ ਤਾਂ ਜੋ ਅਕਸਰ ਗੱਲ ਕੀਤੀ ਜਾ ਸਕੇ ਕਿ ਉਹ ਕਿਵੇਂ ਕੰਮ ਕਰ ਰਿਹਾ/ਰਹੀ ਹੈ। ਆਪਣੇ ਬੱਚੇ ਦੇ ਸਕੂਲ ਦੇ ਘੱਟੋ-ਘੱਟ ਇੱਕ ਅਧਿਆਪਕ ਨਾਲ ਜਾਣ-ਪਛਾਣ ਬਣਾਓ ਤਾਂ ਜੋ ਆਪਣੇ ਬੱਚੇ ਦੇ ਸਕੂਲ ਦੇ ਕੰਮ ਬਾਰੇ ਸਵਾਲ ਕੀਤੇ ਜਾ ਸਕਣ ਅਤੇ ਉਨ੍ਹਾਂ ਨੂੰ ਉਹ ਜਾਣਕਾਰੀ ਦਿੱਤੀ ਜਾ ਸਕੇ ਜੋ ਤੁਹਾਡੇ ਬੱਚੇ ਦੀ ਪੜ੍ਹਾਈ ਵਿੱਚ ਮਦਦ ਕਰੇਗੀ।
- ਸਕੂਲ**ਕੌਂਸਲਰ**ਤੁਹਾਡੇ ਬੱਚੇ ਦੀ ਬਦਲਾਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਵਿਅਕਤੀ ਨਾਲ ਆਪਣੇ ਬੱਚੇ ਦੇ ਘਰ ਦੇ ਵਿਹਾਰ ਬਾਰੇ, ਜਾਂ ਉਸਦੇ ਸਕੂਲ ਦੇ ਕੰਮ ਨੂੰ ਪ੍ਰਭਾਵਿਤ ਕਰ ਸਕਣ ਵਾਲੀਆਂ ਚੀਜ਼ਾਂ ਜਿਹਨਾਂ ਨਾਲ ਉਹ ਸਿੱਝ ਰਿਹਾ ਜਾਂ ਰਹੀ ਹੈ, ਬਾਰੇ ਹਰ ਜਾਣਕਾਰੀ ਸਾਂਝੀ ਕਰੋ।
- ਜਾਣ-ਪਛਾਣ ਲਈ ਦੂਜੇ ਚੰਗੇ ਲੋਕ **ਮੁੱਖ ਅਧਿਆਪਕ, ਹਾਜ਼ਰੀ ਅਫ਼ਸਰ, ਬੱਸ ਡਰਾਇਵਰ, ਸਕੂਲ ਸੋਸ਼ਲ ਵਰਕਰ , ਅਤੇ ਸਕੂਲ ਨਰਸ ਹਨ**।
- **ਸਾਰਾ ਸਕੂਲ ਅਤੇ ਸਕੂਲ ਡਿਸਟ੍ਰਿਕਟ ਸਟਾਫ਼** ਇਹ ਸੁਨਿਸ਼ਚਿਤ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਉਹ ਸਾਰੀਆਂ ਸੇਵਾਵਾਂ ਮਿਲਣ ਜਿਹਨਾਂ ਦੀ ਉਸਨੂੰ ਸਕੂਲ ਵਿੱਚ ਚੰਗਾ ਪ੍ਰਦਰਸ਼ਨ ਕਰਨ ਲਈ ਲੋੜ ਪੈਂਦੀ ਹੈ।



## ਮੈਕਿਨੇ-ਵੈਂਟੋ ਐਕਟ ਦੇ ਤਹਿਤ ਮੈਨੂੰ ਸੇਵਾਵਾਂ ਬਾਰੇ ਕੀ ਸਵਾਲ ਪੁੱਛਣੇ ਚਾਹੀਦੇ ਹਨ?

- ਬੇਘਰਿਆਂ ਦੀ ਸਿੱਖਿਆ ਦਾ ਸਥਾਨਕ ਸੰਪਰਕ ਕਿਹੜਾ ਹੈ? ਮੈਂ ਉਸ ਨਾਲ ਕਿਸ ਤਰ੍ਹਾਂ ਸੰਪਰਕ ਕਰ ਸਕਦਾ/ਦੀ ਹਾਂ?
- ਉਸੇ ਸਕੂਲ (ਮੂਲ ਸਥਾਨ ਦੇ ਸਕੂਲ) ਵਿੱਚ ਪੜ੍ਹਦੇ ਰਹਿਣ ਲਈ ਮੇਰੇ ਬੱਚੇ ਲਈ ਕਿਹੜਾ ਯਾਤਾਯਾਤ ਉਪਲਬੱਧ ਹੈ?
- ਜੇ ਮੇਰਾ ਬੱਚਾ ਸਕੂਲ ਬਦਲਦਾ ਹੈ, ਤਾਂ ਨਵੇਂ ਸਕੂਲ ਵਿੱਚ ਤੇਜ਼ੀ ਨਾਲ ਰਿਕਾਰਡ ਟ੍ਰਾਂਸਫ਼ਰ ਕਰਨ ਵਿੱਚ ਸਾਡੀ ਮਦਦ ਕੌਣ ਕਰ ਸਕਦਾ ਹੈ?
- ਸਕੂਲ ਵਿੱਚ ਮੇਰੇ ਬੱਚੇ ਨੂੰ ਮੁਫ਼ਤ ਭੋਜਨ ਕਿਵੇਂ ਮਿਲ ਸਕਦਾ ਹੈ?
- ਮੇਰੇ ਬੱਚੇ ਨੂੰ ਮੁਫ਼ਤ ਪੂਰਤੀਆਂ ਕਿਵੇਂ ਮਿਲ ਸਕਦੀਆਂ ਹਨ, ਜੇ ਲੋੜੀਂਦੀਆਂ ਹੋਣ?
- ਜੇ ਮੇਰੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਦੀ ਲੋੜ ਪੈਂਦੀ ਹੈ ਤਾਂ ਕੌਣ ਮਦਦ ਕਰ ਸਕਦਾ? ਇਹਨਾਂ ਸੇਵਾਵਾਂ ਨੂੰ ਕਿੰਨੀ ਤੇਜ਼ੀ ਨਾਲ ਸਥਾਪਿਤ ਕੀਤਾ ਜਾ ਸਕਦਾ ਹੈ?
- ਮੇਰੇ ਬੱਚੇ ਲਈ ਕਿਹੜੀ ਵਿੱਦਿਅਕ ਮਦਦ ਉਪਲਬਧ ਹੈ ਜਿਵੇਂ ਟਾਇਟਲ । ਪ੍ਰੋਗਰਾਮਜ਼ ਜਾਂ ਆੱਫਟਰ-ਸਕੂਲ ਟਿਊਟਰਿੰਗ?
- ਮੇਰੇ ਬੱਚੇ ਦੇ ਕੌਸ਼ਲਾਂ ਦਾ ਵਿਕਾਸ ਕਰਨ ਅਤੇ ਉਸਦੀਆਂ ਵਿਸ਼ੇਸ਼ ਲੋੜਾਂ ਨਾਲ ਸਿੱਝਣ ਵਿੱਚ ਕਿਹੜੇ ਪ੍ਰੋਗਰਾਮ ਮਦਦ ਕਰ ਸਕਦੇ ਹਨ?
- ਕੀ ਮੇਰੇ ਬੱਚੇ ਲਈ ਖੇਡਾਂ, ਸੰਗੀਤ ਜਾਂ ਹੋਰ ਗਤੀਵਿਧੀਆਂ ਉਪਲਬਧ ਹਨ?
- ਮੇਰਾ ਬੱਚਾ ਕਲਾਸ ਫੀਲਡ ਟ੍ਰਿਪਾਂ 'ਤੇ ਕਿਵੇਂ ਜਾ ਸਕਦਾ ਹੈ ਜਾਂ ਹੋਰ ਸਕੂਲੀ ਗਤੀਵਿਧੀਆਂ ਵਿੱਚ ਕਿਵੇਂ ਭਾਗ ਲੈ ਸਕਦਾ ਹੈ ਜੇ ਮੈਂ ਉਹਨਾਂ ਲਈ ਭੁਗਤਾਨ ਨਾ ਕਰ ਸਕਦਾ ਹੋਵਾਂ?
- ਕੀ ਮੇਰੇ ਛੋਟੇ ਬੱਚਿਆਂ ਲਈ ਕੋਈ ਪ੍ਰੀਸਕੂਲ ਪ੍ਰੋਗਰਾਮ ਹੈ?

## ਸਕੂਲ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਮੈਂ ਕੀ ਕਰ ਸਕਦਾ/ਦੀ ਹਾਂ?

- ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਬੱਚਾ ਰੋਜ਼ਾਨਾ ਸਕੂਲ ਜਾਂਦਾ ਹੈ ਅਤੇ ਆਰਾਮ ਕੀਤਾ ਹੋਇਆ ਅਤੇ ਭੋਜਨ ਖਾ ਕੇ ਆਉਂਦਾ ਹੈ।
- ਆਪਣੇ ਬੱਚੇ ਨੂੰ ਹੋਮਵਰਕ ਕਰਨ ਲਈ ਇੱਕ ਸ਼ਾਂਤ ਸਥਾਨ ਦਿਓ ਅਤੇ ਆਪਣੇ ਬੱਚੇ ਦੀ ਹੋਮਵਰਕ ਕਰਨ ਵਿੱਚ ਰੋਜ਼ਾਨਾ ਮਦਦ ਕਰਨ ਲਈ ਕੁਝ ਸਮਾਂ ਨਿਰਧਾਰਿਤ ਕਰੋ।
- ਆਪਣੇ ਬੱਚੇ ਦੀਆਂ ਸਿਹਤ ਸਬੰਧੀ ਲੋੜਾਂ 'ਤੇ ਧਿਆਨ ਦਿਓ ਅਤੇ ਕਿਸੇ ਵੀ ਸਮੱਸਿਆ ਦਾ ਸ਼ੁਰੂਆਤ ਵਿਚ ਹੀ ਧਿਆਨ ਰੱਖੋ
- ਆਪਣੇ ਬੱਚੇ ਨੂੰ ਪੁੱਛੋ ਕਿ ਉਹ ਸਕੂਲ ਵਿੱਚ ਕੀ ਸਿੱਖ ਰਿਹਾ/ਰਹੀ ਹੈ। ਉਸਨੂੰ ਇਸ ਬਾਰੇ ਤੁਹਾਨੂੰ ਦੱਸਣ ਲਈ ਕਹੋ। ਜੇ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਰੁਚੀ ਦਿਖਾਉਂਦੇ ਹੋ, ਤਾਂ ਉਸਨੂੰ ਪਤਾ ਲੱਗੇਗਾ ਕਿ ਇਹ ਮਹੱਤਵਪੂਰਨ ਹੈ।
- ਆਪਣੇ ਬੱਚੇ ਨੂੰ ਰੋਜ਼ਾਨਾ ਪੜ੍ਹ ਕੇ ਸੁਣਾਓ। ਵੱਡੇ ਬੱਚਿਆਂ ਲਈ, ਤੁਹਾਡੇ ਬੱਚੇ ਦੇ ਤੁਹਾਡੇ ਨਾਲ ਮਿਲ ਕੇ ਖਾਮੋਸ਼ੀ ਵਿਚ ਰੋਜ਼ਾਨਾ ਇਕੱਠੇ ਪੜ੍ਹਣ ਲਈ ਸਮਾਂ ਨਿਰਧਾਰਿਤ ਕਰੋ। ਜੋ ਪੜ੍ਹਦੇ ਹੋ ਉਸ ਬਾਰੇ ਗੱਲਾਂ ਕਰੋ।
- ਆਪਣੇ ਬੱਚੇ/ਬੱਚੀ ਦੀ ਉਸ ਕੰਮ ਲਈ ਸਿਫ਼ਤ ਕਰੋ ਜੋ ਉਹ ਚੰਗਾ ਕਰਦਾ/ਦੀ ਹੈ ਜਿਵੇਂ ਚੰਗਾ ਗ੍ਰੇਡ ਲੈਣਾ ਜਾਂ ਸਕੂਲ ਸਪੋਰਟਸ ਟੀਮ ਵਿੱਚ ਖੇਡਣਾ।
- ਉਹ ਸੁਣੋ ਜੋ ਤੁਹਾਡਾ ਬੱਚਾ ਦੂਜਿਆਂ ਨੂੰ ਕਹਿੰਦਾ ਹੈ, ਹਰ ਉਸ ਸਮੱਸਿਆ ਬਾਰੇ ਗੱਲ ਕਰੋ ਜੋ ਉਸਨੂੰ ਹੈ। ਤੁਸੀਂ ਇਹਨਾਂ ਸਮੱਸਿਆਵਾਂ ਬਾਰੇ ਅਧਿਆਪਕ ਜਾਂ ਸਕੂਲ ਕੌਂਸਲਰ ਨਾਲ ਵੀ ਗੱਲ ਕਰ ਸਕਦੇ ਹੋ।
- ਆਪਣੇ ਬੱਚੇ ਨੂੰ ਕੁਝ ਕੰਮਾਂ ਜਿਵੇਂ ਖੇਡਾਂ ਅਤੇ ਸੰਗੀਤ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰੋ।

### ਚੰਗੇ ਸਵਾਲ ਚੰਗੇ ਪਾਠਕ ਬਣਾਉਂਦੇ ਹਨ

**ਬੱਚੇ ਜੋ ਪੜ੍ਹਦੇ ਹਨ, ਉਸ ਬਾਰੇ ਉਨ੍ਹਾਂ ਨੂੰ ਪੁੱਛਣ ਤੇ ਉਨ੍ਹਾਂ ਦੇ ਚੰਗੇ ਵਿਚਾਰਕ ਬਣਨ ਵਿਚ ਮਦਦ ਮਿਲਦੀ ਹੈ**

**ਕਹਾਣੀਆਂ ਲਈ (ਗਲਪ):**

- ◆ ਕੀ ਹੋਇਆ? ਤੁਹਾਨੂੰ ਕੀ ਲੱਗਦਾ ਹੈ ਕਿ ਅੱਗੇ ਕੀ ਹੋਵੇਗਾ?? ਕਿਉਂ?
- ◆ ਮੁੱਖ ਕਿਰਦਾਰ ਕੌਣ ਹੈ? ਕੀ ਤੁਸੀਂ ਉਸ ਨੂੰ ਪਸੰਦ ਕਰਦੇ ਹੋ? ਕਿਉਂ? ਕੀ ਤੁਸੀਂ ਉਹੀ ਕਰਨਾ ਸੀ ਜੋ ਉਸਨੇ ਕੀਤਾ? ਜੇ ਨਹੀਂ, ਤਾਂ ਤੁਸੀਂ ਕੀ ਕਰਨਾ ਸੀ?
- ◆ ਇਸ ਕਹਾਣੀ ਨੇ ਤੁਹਾਨੂੰ ਕੀ ਮਹਿਸੂਸ ਕਰਵਾਇਆ?

**ਜਾਣਕਾਰੀ-ਯੁਕਤ ਸਮੱਗਰੀ ਲਈ (ਗੈਰ-ਗਲਪ):**

- ◆ ਲੇਖ ਜਾਂ ਪਾਠ ਕਿਸ ਬਾਰੇ ਸੀ? ਜਿੰਨਾ ਸੰਭਵ ਹੋ ਸਕੇ ਵੇਰਵਾ ਲਓ।
- ◆ ਤੁਹਾਨੂੰ ਲੇਖਕ ਦਾ ਮੁੱਖ ਵਿਚਾਰ ਕੀ ਲੱਗਿਆ?
- ◆ ਤੁਹਾਨੂੰ ਕਿਹੜਾ ਹਿੱਸਾ ਸਭ ਤੋਂ ਵੱਧ ਰੋਮਾਂਚਕ ਲੱਗਿਆ?
- ◆ ਤੁਹਾਨੂੰ ਕਿਉਂ ਲੱਗਦਾ ਹੈ ਕਿ ਇਹ ਜਾਣਕਾਰੀ ਮਹੱਤਵਪੂਰਨ ਹੈ?



# NCHE ਦੇ ਸਰੋਤ

### ਟੋਲ-ਫ੍ਰੀ ਹੈਲਪਲਾਇਨ: 800-308-2145 ਜਾਂ

### homeless@serve.org

NCHE ਤੁਹਾਡੇ ਬੱਚਿਆਂ ਦੇ ਸਕੂਲੀ ਅਧਿਕਾਰਾਂ ਦਾ ਵਰਣਨ ਕਰ ਸਕਦਾ ਹੈ ਅਤੇ ਤੁਹਾਨੂੰ ਦੱਸ ਸਕਦਾ ਹੈ ਕਿ ਤੁਸੀਂ ਆਪਣੇ ਸਕੂਲ ਡਿਸਟ੍ਰਿਕਟ ਵਿੱਚ ਸਥਾਨਕ ਸੰਪਰਕ ਨਾਲ ਕਿਵੇਂ ਸੰਪਰਕ ਕਰ ਸਕਦੇ ਹੋ। ਸਥਾਨਕ ਸੰਪਰਕ ਤੁਹਾਡੇ ਬੱਚੇ ਦੇ ਸਕੂਲ ਵਿੱਚ ਦਾਖਿਲੇ ਵਿੱਚ ਮਦਦ ਕਰ ਸਕਦਾ ਹੈ ਅਤੇ ਇਹ ਯਕੀਨੀ ਬਣਾ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਉਹ ਮਦਦ ਮਿਲੇ ਜਿਸਦੀ ਉਸਨੂੰ ਲੋੜ ਹੈ।

### ਵੈੱਬਸਾਈਟ: http://nche.ed.gov

NCHE ਦੀ ਵੈੱਬਸਾਈਟ 'ਤੇ ਉਹਨਾਂ ਮਾਪਿਆਂ ਲਈ ਵੈੱਬਪੇਜ ਸਮੇਤ ਬਹੁਤ ਚੰਗੀ ਜਾਣਕਾਰੀ ਹੈ ਜੋ ਸਕੂਲ ਵਿੱਚ ਆਪਣੇ ਬੱਚੇ ਦੀ ਮਦਦ ਕਰਨਾ ਚਾਹੁੰਦੇ ਹਨ:

https://nche.ed.gov/ibt/parent_res.php.

### ਪੇਰੇਂਟ ਪੈਕ ਪਾੱਕੇਟ ਫੋਲਡਰ

ਪੇਰੇਂਟ ਪੈਕ ਪਾੱਕੇਟ ਫੋਲਡਰ ਉਹ ਫੋਲਡਰ ਹੁੰਦੇ ਹਨ ਜਿਹਨਾਂ ਵਿੱਚ ਤੁਸੀਂ ਆਪਣੇ ਬੱਚੇ ਦੀ ਸਕੂਲਿੰਗ ਨਾਲ ਸਬੰਧਿਤ ਮਹੱਤਵਪੂਰਨ ਰਿਕਾਰਡ ਅਤੇ ਕਾਗਜ਼ਾਤ ਰੱਖ ਸਕਦੇ ਹੋ। ਇਹ ਫੋਲਡਰ ਬੇਘਰ ਹੋਣ

ਦੀਆਂ ਸਥਿਤੀਆਂ ਵਿੱਚ ਬੱਚਿਆਂ ਦੇ ਵਿੱਦਿਅਕ ਅਧਿਕਾਰਾਂ ਬਾਰੇ ਵੀ ਵਰਣਨ ਕਰਦਾ ਹੈ। 800-308-2145 'ਤੇ ਕਾੱਲ ਕਰਕੇ ਜਾਂ ਇਸ ਲਿੰਕ 'ਤੇ ਜਾ ਕੇ ਇਹਨਾਂ ਫੋਲਡਰਾਂ ਦਾ ਮੁਫ਼ਤ ਵਿੱਚ ਆੱਡਰ ਦਿਓ

https://nche.ed.gov/online_order.php.

